# 1000 ਨਸ਼ੇ ਵਾਲੀਆ ਗੋਲੀਆਂ ਸਮੇਤ 1 ਕਾਬੂ

**ਤਫਤੀਸ਼ ਦੌਰਾਨ ਦੋ ਹੋਰ ਵਿਅਕਤੀਆਂ ਨੂੰ ਵੀ ਪੁਲਸ ਨੇ ਨਾਮਜ਼ਦ ਕਰਦਿਆਂ ਕੀਤਾ ਕਾਬੂ**

ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ, 9 ਜੁਲਾਈ (ਤਨੇਜਾ, ਖੁਰਾਣਾ, ਚਾਵਲਾ)- ਜ਼ਿਲਾ ਪੁਲਸ ਮੁਖੀ ਹਰਮਨਬੀਰ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੁਲਸ ਵੱਲੋਂ ਨਸ਼ਾ ਵਿਰੋਧੀ ਚਲਾਏ ਜਾ ਰਹੇ ਅਭਿਆਨ ਦੌਰਾਨ ਪੁਲਸ ਨੇ ਸਥਾਨਕ ਮਲੋਟ ਰੋਡ ਤੋਂ 1000 ਨਸ਼ੀਲੀ ਗੋਲੀਆਂ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਤਫਤੀਸ਼ ਦੌਰਾਨ ਦੋ ਹੋਰ ਵਿਅਕਤੀਆਂ ਨੂੰ ਨਾਮਜਦ ਕਰਦਿਆਂ ਕਾਬੂ ਕੀਤਾ ਹੈ।

ਜਾਣਕਾਰੀ ਅਨੁਸਾਰ ਪੁਲਸ ਨੇ ਮਲੋਟ ਰੋਡ ਲਾਹੌਰੀਆ ਦੇ ਢਾਬੇ ਕੋਲ ਨਾਕਾ ਲਾਇਆ ਹੋਇਆ ਸੀ। ਇਸੇ ਦੌਰਾਨ ਇੱਕ ਨੌਜਵਾਨ ਹੱਥ 'ਚ ਪਾਰਦਰਸ਼ੀ ਲਿਫਾਫਾ ਫੜੇ ਆਉਂਦਾ ਦਿਸਿਆ। ਜਿਹੜਾ ਪੁਲਸ ਨੂੰ ਦੇਖ ਕੇ ਘਬਰਾ ਗਿਆ ਤੇ ਲਿਫਾਫਾ ਸੁੱਟ ਕੇ ਭੱਜਣ ਲੱਗਾ। ਜਦੋਂ ਸ਼ੱਕ ਦੇ ਆਧਾਰ 'ਤੇ ਪੁਲਸ ਨੇ ਰੋਕ ਕੇ ਲਿਫਾਫਾ ਚੈੱਕ ਕੀਤਾ ਤਾਂ ਉਸ ਵਿੱਚੋਂ 1000 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਹੋਈਆਂ। ਨੌਜਵਾਨ ਦੀ ਪਛਾਣ ਸਤਪਾਲ ਵਾਸੀ ਇੰਦਰ ਨਗਰ ਬਸਤੀ ਸ੍ਰੀ ਮੁਕਤਸਰ ਸਾਹਿਬ ਰੋਡ ਸਾਦਿਕ ਜ਼ਿਲਾ ਫਿਰੋਜ਼ਪੁਰ ਵਜੋਂ ਹੋਈ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਤਫਤੀਸ਼ ਦੌਰਾਨ ਪੁਲਸ ਨੇ ਦੋ ਹੋਰ ਵਿਅਕਤੀਆਂ ਜਸਵਿੰਦਰ ਉਰਫ ਜੱਸਾ ਵਾਸੀ ਪਿੰਡ ਰਾਏ ਕੇ ਕਲਾਂ ਥਾਣਾ ਨੰਦਗੜ੍ਹ ਜ਼ਿਲਾ ਬਠਿੰਡਾ ਅਤੇ ਸੋਨੂੰ ਵਾਸੀ ਮੁਹੱਲਾ ਬੈਂਟਾਬਾਦ ਨੇੜੇ ਰੇਲਵੇ ਸਟੇਸ਼ਨ ਗਿੱਦੜਬਾਹਾ ਨੂੰ ਨਾਮਜ਼ਦ ਕਰਦਿਆਂ ਗ੍ਰਿਫਤਾਰ ਕਰ ਲਿਆ।